# ਪੰਜਾਬ ਵਿਧਾਨ ਸਭਾ

## ਬਿੱਲ ਨੰ. 1-ਪੀ.ਐਲ.ਏ.-2025

## ਪੰਜਾਬ ਵਾਟਰ ਰਿਸੋਰਸਿਜ਼ (ਮੈਨੇਜਮੈਂਟ ਐਂਡ ਰੈਗੂਲੇਸ਼ਨ) ਸੋਧ ਬਿੱਲ, 2025

**ਇਕ**

**ਬਿੱਲ**

**ਪੰਜਾਬ ਵਾਟਰ ਰਿਸੋਰਸਿਜ਼ (ਮੈਨੇਜਮੈਂਟ ਐਂਡ ਰੈਗੂਲੇਸ਼ਨ) ਐਕਟ, 2020 ਵਿੱਚ ਸੋਧ ਕਰਨ ਲਈ**

ਭਾਰਤ ਗਣਰਾਜ ਦੇ ਛਿਅੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਹੇਠ ਲਿਖੇ ਅਨੁਸਾਰ ਲਾਗੂ ਕੀਤਾ ਗਿਆ ਹੈ:-

ਸੰਖੇਪ ਸਿਰਲੇਖ ਅਤੇ ਆਰੰਭ

1. (1) ਇਸ ਐਕਟ ਨੂੰ ਪੰਜਾਬ ਵਾਟਰ ਰਿਸੋਰਸਿਜ਼ (ਮੈਨੇਜਮੈਂਟ ਐਂਡ ਰੈਗੂਲੇਸ਼ਨ) ਸੋਧ ਐਕਟ, 2025 ਕਿਹਾ ਜਾਵੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ ਪ੍ਰਭਾਵੀ ਅਤੇ ਲਾਗੂ ਹੋਵੇਗਾ।

2020 ਦੀ ਪੰਜਾਬ ਐਕਟ 2 ਦੀ ਧਾਰਾ 6 ਵਿਚ ਸੋਧ।

**2.** ਪੰਜਾਬ ਵਾਟਰ ਰਿਸੋਰਸਿਜ਼ (ਮੈਨੇਜਮੈਂਟ ਐਂਡ ਰੈਗੂਲੇਸ਼ਨ) ਐਕਟ, 2020 (ਇਸ ਤੋਂ ਬਾਅਦ ਪ੍ਰਿੰਸੀਪਲ ਐਕਟ ਵਜੋਂ ਜਾਣਿਆ ਜਾਵੇਗਾ) ਵਿੱਚ, ਧਾਰਾ 6 ਦੀ ਉਪ-ਧਾਰਾ (1) ਅਤੇ (2) ਦੀ ਥਾਂ, ਹੇਠ ਲਿਖੀਆਂ ਉਪ-ਧਾਰਾਵਾਂ ਨੂੰ ਸ਼ਾਮਲ ਕੀਤਾ ਜਾਵੇਗਾ, ਭਾਵ:-

"(1) ਕੋਈ ਵੀ ਵਿਅਕਤੀ ਚੇਅਰਮੈਨ ਜਾਂ ਹੋਰ ਮੈਂਬਰ ਵਜੋਂ ਸੇਵਾ ਨਹੀਂ ਨਿਭਾਏਗਾ ਜੇਕਰ ਉਸਦੀ ਉਮਰ ਪੈਂਹਠ ਸਾਲ ਹੋ ਗਈ ਹੈ।

2) ਚੇਅਰਪਰਸਨ ਜਾਂ ਹੋਰ ਮੈਂਬਰ ਆਪਣਾ ਅਹੁਦਾ ਸੰਭਾਲਣ ਦੀ ਮਿਤੀ ਤੋਂ ਨਿਰਧਾਰਤ ਮਿਆਦ ਲਈ ਅਹੁਦਾ ਸੰਭਾਲਣਗੇ, ਪਰ ਅਜਿਹੀ ਮਿਆਦ ਇੱਕ ਵਾਰ ਵਿੱਚ ਤਿੰਨ ਸਾਲਾਂ ਤੋਂ ਵੱਧ ਨਹੀਂ ਹੋਵੇਗੀ :

'ਬਸ਼ਰਤੇ ਕਿ ਤਿੰਨ ਸਾਲਾਂ ਦੀ ਉਕਤ ਮਿਆਦ ਨੂੰ ਉਸ ਦੀ ਕਾਰਗੁਜ਼ਾਰੀ ਦੇ ਮਿਆਰ, ਮਾਮਲਿਆਂ ਦੇ ਪ੍ਰਬੰਧਨ ਅਤੇ ਕੀਤੀਆਂ ਗਈਆਂ ਪਹਿਲਕਦਮੀਆਂ ਦੇ ਆਧਾਰ 'ਤੇ ਪੰਜ ਸਾਲਾਂ ਤੱਕ ਵਧਾਇਆ ਜਾ ਸਕਦਾ ਹੈ।'

2020 ਦੀ ਪੰਜਾਬ ਐਕਟ 2 ਦੀ ਧਾਰਾ 9 ਵਿਚ ਤਬਦੀਲੀ।

**3.** ਪ੍ਰਿੰਸੀਪਲ ਐਕਟ ਵਿੱਚ, ਧਾਰਾ 9 ਨੂੰ ਹੇਠ ਲਿਖੀ ਧਾਰਾ ਨਾਲ ਬਦਲਿਆ ਜਾਵੇਗਾ ਅਰਥਾਤ:-

"9(1) ਅਥਾਰਟੀ ਨੂੰ ਸਰਕਾਰ ਦੁਆਰਾ ਨਿਰਧਾਰਤ ਕੀਤੇ ਗਏ ਕਿਸੇ ਵੀ ਸਰੋਤ (ਸਰੋਤਾਂ) ਤੋਂ ਪ੍ਰਾਪਤ ਹੋਈਆਂ ਸਾਰੀਆਂ ਫੀਸਾਂ, ਖਰਚੇ ਅਤੇ ਫੰਡ ਰਾਜ ਦੇ ਖਜ਼ਾਨੇ ਵਿੱਚ ਜਮ੍ਹਾ ਕੀਤੇ ਜਾਣਗੇ।

(2) ਅਥਾਰਟੀ ਸਾਲਾਨਾ ਬਜਟ ਤਿਆਰ ਕਰੇਗੀ ਅਤੇ ਇਸਨੂੰ ਹਰ ਸਾਲ ਸਰਕਾਰ ਨੂੰ ਭੇਜੇਗੀ ਤਾਂ ਜੋ ਹੇਠ ਲਿਖੇ ਖਰਚਿਆਂ ਨੂੰ ਪੂਰਾ ਕੀਤਾ ਜਾ ਸਕੇ:-

ਅਥਾਰਟੀ ਦਾ ਵਿੱਤ ਅਤੇ ਬਜਟ

i) ਅਥਾਰਟੀ ਦੇ ਚੇਅਰਪਰਸਨ, ਮੈਂਬਰ, ਸਕੱਤਰ, ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀ ਤਨਖਾਹ, ਭੱਤੇ ਅਤੇ ਹੋਰ ਮਿਹਨਤਾਨੇ; ਅਤੇ

(ii) ਇਸ ਐਕਟ ਅਧੀਨ ਆਪਣੇ ਕਾਰਜਾਂ ਨੂੰ ਨੇਪਰੇ ਚੜ੍ਹਾਉਣ ਲਈ ਅਥਾਰਟੀ ਦੇ ਖਰਚੇ।

(3) ਸਰਕਾਰ ਅਥਾਰਟੀ ਦੁਆਰਾ ਜਮ੍ਹਾ ਕੀਤੇ ਗਏ ਫੰਡਾਂ ਦੀ ਵਰਤੋਂ ਐਕਟ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਕਰੇਗੀ।"

2020 ਦੀ ਪੰਜਾਬ

**4.** ਪ੍ਰਿੰਸੀਪਲ ਐਕਟ ਵਿੱਚ, ਧਾਰਾ 28 ਵਿੱਚ, ਉਪ-ਧਾਰਾ (2) ਦੀ ਥਾਂ ਹੇਠ ਲਿਖੀ ਉਪ-ਧਾਰਾ ਨੂੰ ਸ਼ਾਮਲ ਕੀਤਾ

ਐਕਟ 2 ਦੀ ਧਾਰਾ 28 ਵਿਚ ਸੋਧ।

ਜਾਵੇਗਾ, ਭਾਵ:-

"(2) ਜਿੱਥੇ ਸਰਕਾਰ ਦਾ ਮੰਨਣਾ ਹੈ ਕਿ ਜਨਤਕ ਹਿੱਤ ਵਿੱਚ ਭੂਮੀਗਤ ਜਲ ਸਰੋਤਾਂ ਦੀ ਸਰਵੋਤਮ ਵਰਤੋਂ ਨਾਲ ਜੁੜੇ ਮਾਮਲਿਆਂ ਦੇ ਸੰਬੰਧ ਵਿੱਚ ਅਥਾਰਟੀ ਨੂੰ ਕੁੱਝ ਉਚਿਤ ਨਿਰਦੇਸ਼ ਦਿੱਤੇ ਜਾਣ ਦੀ ਲੋੜ ਹੈ, ਉਥੇ ਸਰਕਾਰ ਇਸ ਐਕਟ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਸਮਝੇ ਜਾਣ ਵਾਲੇ ਨਿਰਦੇਸ਼ ਦੇ ਸਕਦੀ ਹੈ, ਜੋ ਅਥਾਰਟੀ 'ਤੇ ਪਾਬੰਦ ਹੋਣਗੇ।"

**ਮੰਤਵਾਂ ਅਤੇ ਕਾਰਣਾਂ ਦਾ ਵੇਰਵਾ**

1.0 ਇਹ ਸੂਚਿਤ ਕੀਤਾ ਜਾਂਦਾ ਹੈ ਕਿ ਰਾਜ ਦੇ ਜਲ ਸਰੋਤਾਂ ਦੇ ਪ੍ਰਬੰਧਨ ਅਤੇ ਨਿਯਮਨ ਦਾ ਉਪਬੰਧ ਕਰਨ ਲਈ, ਤਾਂ ਜੋ ਉਨ੍ਹਾਂ ਦੀ ਨਿਆਂਪੂਰਨ, ਨਿਆਂਸੰਗਤ ਅਤੇ ਟਿਕਾਊ ਵਰਤੋਂ ਅਤੇ ਪ੍ਰਬੰਧਨ ਨੂੰ ਯਕੀਨੀ ਬਣਾਇਆ ਜਾ ਸਕੇ, ਅਤੇ ਉਨ੍ਹਾਂ ਨਾਲ ਜੁੜੇ ਜਾਂ ਇਸ ਨਾਲ ਸੰਬੰਧਿਤ ਮਾਮਲਿਆਂ ਲਈ, ਪੰਜਾਬ ਰਾਜ ਨੇ ਇਹ ਐਕਟ ਬਣਾਇਆ ਹੈ: - **"ਪੰਜਾਬ ਵਾਟਰ ਰਿਸੋਰਸਿਜ਼ (ਮੈਨੇਜਮੈਂਟ ਐਂਡ ਰੈਗੂਲੇਸ਼ਨ) ਐਕਟ, 2020."**

1.1 ਉਪਰੋਕਤ ਐਕਟ ਦੀ ਪਾਲਣਾ ਵਿੱਚ, ਰੈਗੂਲੇਟਰੀ ਅਥਾਰਟੀ, ਜਿਸ ਨੂੰ ਪੰਜਾਬ ਵਾਟਰ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਅਥਾਰਟੀ ਕਿਹਾ ਜਾਂਦਾ ਹੈ, ਦਾ ਗਠਨ ਕੀਤਾ ਗਿਆ ਅਤੇ ਇਸ ਨੂੰ ਅਧਿਸੂਚਿਤ ਕੀਤਾ ਗਿਆ। ਉਪਰੋਕਤ ਐਕਟ ਦੀ ਧਾਰਾ 6 ਅਥਾਰਟੀ ਦੇ ਚੇਅਰਮੈਨ ਅਤੇ ਮੈਂਬਰਾਂ ਲਈ ਯੋਗਤਾ ਦਾ ਉਪਬੰਧ ਕਰਦੀ ਹੈ। ਉਕਤ ਅਥਾਰਟੀ ਦਾ ਚੇਅਰਪਰਸਨ ਜਾਂ ਮੈਂਬਰ 70 ਸਾਲ ਦੀ ਉਮਰ ਤੱਕ ਆਪਣੇ ਅਹੁਦੇ 'ਤੇ ਬਣਿਆ ਰਹਿ ਸਕਦਾ ਹੈ। ਰਾਜ ਸਰਕਾਰ ਦੁਆਰਾ ਵੱਖ-ਵੱਖ ਵਿਭਾਗਾਂ ਵਿੱਚ ਸਥਾਪਤ ਕੀਤੀਆਂ ਗਈਆਂ ਅਜਿਹੀਆਂ ਬਹੁਤ ਸਾਰੀਆਂ ਖੁਦਮੁਖਤਿਆਰ ਸੰਸਥਾਵਾਂ ਹਨ। ਅਜਿਹੀਆਂ ਸਾਰੀਆਂ ਸੰਸਥਾਵਾਂ ਵਿੱਚ, ਚੇਅਰਪਰਸਨ/ਮੈਂਬਰਾਂ ਦੀ ਵੱਧ ਤੋਂ ਵੱਧ ਉਮਰ ਸੱਤਰ ਸਾਲ ਤੋਂ ਕਾਫੀ ਘੱਟ ਰੱਖੀ ਗਈ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਵੱਧ ਤੋਂ ਵੱਧ ਉਮਰ 65 ਸਾਲ ਹੈ। ਉਦਾਹਰਣ ਵਜੋਂ, ਪੰਜਾਬ ਰਾਜ ਰੈਗੂਲੇਟਰੀ ਕਮਿਸ਼ਨ ਦਾ ਚੇਅਰਪਰਸਨ 65 ਸਾਲ ਦੀ ਉਮਰ ਤੱਕ ਅਹੁਦਾ ਸੰਭਾਲ ਸਕਦਾ ਹੈ। ਇਸੇ ਤਰ੍ਹਾਂ, ਪੰਜਾਬ ਰਾਜ ਮੁੱਖ ਸੂਚਨਾ ਕਮਿਸ਼ਨਰ ਅਤੇ ਪੰਜਾਬ ਰਾਜ ਸੂਚਨਾ ਕਮਿਸ਼ਨ ਵਿੱਚ ਰਾਜ ਸੂਚਨਾ ਕਮਿਸ਼ਨਰ ਵੀ 65 ਸਾਲ ਦੀ ਉਮਰ ਤੱਕ ਆਪਣੇ ਅਹੁਦੇ 'ਤੇ ਬਣੇ ਰਹਿ ਸਕਦੇ ਹਨ।

1.2 ਇਸ ਪਿਛੋਕੜ ਦੇ ਮੱਦੇਨਜ਼ਰ ਅਤੇ ਅਜਿਹੀਆਂ ਨਿਯੁਕਤੀਆਂ ਵਿੱਚ ਇਕਸਾਰਤਾ ਬਣਾਈ ਰੱਖਣ ਲਈ, ਅਥਾਰਟੀ ਦੇ ਚੇਅਰਪਰਸਨ ਜਾਂ ਮੈਂਬਰ ਦੀ 70 ਸਾਲ ਦੀ ਉਮਰ ਤੱਕ ਸੇਵਾਮੁਕਤੀ ਬਹੁਤ ਜ਼ਿਆਦਾ ਜਾਪਦੀ ਹੈ, ਜਿਸ ਨੂੰ ਤਰਕਸੰਗਤ ਬਣਾਉਣ ਦੀ ਲੋੜ ਹੈ। ਇਸ ਲਈ, ਇਹ ਤਜਵੀਜ਼ ਹੈ ਕਿ ਚੇਅਰਮੈਨ ਅਤੇ ਮੈਂਬਰਾਂ ਲਈ ਉਮਰ ਦੀ ਉਪਰਲੀ ਸੀਮਾ 65 ਸਾਲ ਰੱਖੀ ਜਾਵੇ।

1.3 ਇਸ ਤੋਂ ਇਲਾਵਾ, ਚੇਅਰਪਰਸਨ ਅਤੇ ਮੈਂਬਰਾਂ ਦੀ ਨਿਯੁਕਤੀ ਦੀ ਸ਼ੁਰੂਆਤੀ ਮਿਆਦ ਤਿੰਨ ਸਾਲ ਕਰਨ ਦੀ ਤਜਵੀਜ਼ ਹੈ, ਜਿਸ ਨੂੰ ਕਾਰਗੁਜ਼ਾਰੀ ਦੇ ਮਿਆਰ, ਮਾਮਲਿਆਂ ਦੇ ਪ੍ਰਬੰਧਨ ਅਤੇ ਲੋਕ ਭਲਾਈ ਸਕੀਮਾਂ ਲਈ ਮੌਜੂਦਾ ਅਧਿਕਾਰੀਆਂ ਦੁਆਰਾ ਕੀਤੀਆਂ ਗਈਆਂ ਪਹਿਲਕਦਮੀਆਂ ਦੇ ਮੱਦੇਨਜ਼ਰ ਪੰਜ ਸਾਲ ਤੱਕ ਵਧਾਇਆ ਜਾ ਸਕਦਾ ਹੈ।

1.4 ਉਪਰੋਕਤ ਤੋਂ ਇਲਾਵਾ, ਰਾਜ ਸਰਕਾਰ ਨੇ **ਪੰਜਾਬ ਵਾਟਰ ਰਿਸੋਰਸਿਜ਼ (ਮੈਨੇਜਮੈਂਟ ਐਂਡ ਰੈਗੂਲੇਸ਼ਨ) ਐਕਟ, 2020** ਦੀ ਧਾਰਾ 3 ਦੇ ਤਹਿਤ ਲੋੜ ਅਨੁਸਾਰ ਅਥਾਰਟੀ ਦਾ ਗਠਨ ਕੀਤਾ ਹੈ। ਅਥਾਰਟੀ ਨੇ ਬਿਨੈਕਾਰਾਂ, ਮੁੱਖ ਤੌਰ 'ਤੇ ਉਦਯੋਗਾਂ ਤੋਂ ਪ੍ਰਾਪਤ ਹੋਈਆਂ 985 ਅਰਜ਼ੀਆਂ (2.11.2024 ਤੱਕ) 'ਤੇ ਕਾਰਵਾਈ ਕੀਤੀ ਹੈ। ਅਥਾਰਟੀ ਨੇ 31 ਅਗਸਤ, 2024 ਤੱਕ ਵੱਖ-ਵੱਖ ਬਿਨੈਕਾਰਾਂ ਤੋਂ 253.52 ਕਰੋੜ ਰੁਪਏ ਵੀ ਵਸੂਲੇ ਹਨ।

1.5 ਹੁਣ ਤੱਕ ਅਥਾਰਟੀ ਨੇ ਸਿਰਫ਼ ਨਿਯਮਤ ਖਰਚਿਆਂ 'ਤੇ ਹੀ ਖਰਚ ਕੀਤਾ ਹੈ ਅਤੇ ਭੂਮੀਗਤ ਪਾਣੀ ਨੂੰ ਰੀਚਾਰਜ ਕਰਨ ਦੇ ਉਪਾਵਾਂ 'ਤੇ ਬਹੁਤ ਘੱਟ ਪੈਸਾ ਖਰਚ ਹੋਇਆ ਹੈ। ਇਸ ਤੋਂ ਇਲਾਵਾ, ਜਲ ਸਰੋਤ ਵਿਭਾਗ ਅਤੇ ਰਾਜ ਸਰਕਾਰ ਦੇ ਵੱਖ-ਵੱਖ ਹੋਰ ਵਿਭਾਗਾਂ ਨੇ

ਅਥਾਰਟੀ ਕੋਲ ਤਜਵੀਜ਼ਾਂ ਭੇਜੀਆਂ ਹਨ, ਜੋ ਲੰਬੇ ਸਮੇਂ ਤੋਂ ਪੈਂਡਿੰਗ ਹਨ। ਇਹ ਵੀ ਦੱਸਿਆ ਜਾਂਦਾ ਹੈ ਕਿ ਵੱਖ-ਵੱਖ ਸਿੰਚਾਈ ਕਾਰਜਾਂ, ਖਾਸ ਕਰਕੇ ਜਲ ਮਾਰਗਾਂ ਦੀ ਉਸਾਰੀ ਲਈ ਸਮਾਂ ਬਹੁਤ ਘੱਟ ਹੁੰਦਾ ਹੈ ਕਿਉਂ ਜੋ ਫਸਲਾਂ ਖੜ੍ਹੀਆਂ ਹੋਣ ਕਾਰਨ ਕਿਸਾਨ ਕਿਸੇ ਤਰ੍ਹਾਂ ਦੇ ਵੀ ਜਲ ਮਾਰਗ ਬਣਾਉਣ ਜਾਂ ਪਾਈਪਲਾਈਨਾਂ ਆਦਿ ਵਿਛਾਉਣ ਦੀ ਆਗਿਆ ਨਹੀਂ ਦਿੰਦੇ। ਇਸ ਤੋਂ ਇਲਾਵਾ, ਅਥਾਰਟੀ ਦੁਆਰਾ ਵਸੂਲੇ ਗਏ ਫੰਡਾਂ ਨੂੰ ਸਿਧਾਂਤਕ ਤੌਰ 'ਤੇ ਰਾਜ ਦੇ ਖਜ਼ਾਨੇ ਵਿੱਚ ਜਮ੍ਹਾ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਰਾਜ ਸਰਕਾਰ ਦੀ ਲਿਕਵੀਡਿਟੀ ਸਥਿਤੀ ਵਿੱਚ ਸੁਧਾਰ ਹੋਵੇਗਾ। ਵਿੱਤ ਵਿਭਾਗ ਦੇ ਧਿਆਨ ਵਿਚ ਦੋ ਵਾਰ ਇਹ ਵੀ ਆਇਆ ਹੈ ਕਿ ਇਹ ਫੰਡ ਅਥਾਰਟੀ ਦੁਆਰਾ ਕੁਝ ਬੈਂਕ ਖਾਤਿਆਂ ਵਿੱਚ ਰੱਖਣ ਦੀ ਬਜਾਏ ਸਰਕਾਰੀ ਖਜ਼ਾਨੇ ਵਿੱਚ ਜਮ੍ਹਾ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਸਰਕਾਰੀ ਖਜ਼ਾਨੇ ਨੂੰ ਭਾਰੀ ਨੁਕਸਾਨ ਹੁੰਦਾ ਹੈ ਅਤੇ ਨਾਲ ਹੀ ਧਰਤੀ ਹੇਠਲੇ ਪਾਣੀ ਦੀ ਬੱਚਤ ਅਤੇ ਰੀਚਾਰਜਿੰਗ ਦਾ ਉਦੇਸ਼ ਵੀ ਪੂਰਾ ਨਹੀਂ ਹੁੰਦਾ। ਇਸ ਤੋਂ ਇਲਾਵਾ, ਜੇਕਰ ਫੰਡ ਖਜ਼ਾਨੇ ਵਿੱਚ ਜਮ੍ਹਾਂ ਹੋ ਜਾਂਦੇ ਹਨ, ਤਾਂ ਏ.ਜੀ. (ਆਡਿਟ) ਲਈ ਫੰਡਾਂ ਦਾ ਆਡਿਟ ਕਰਨਾ ਆਸਾਨ ਹੋ ਜਾਂਦਾ ਹੈ, ਜੋ ਕਿ ਹੋਰ ਬਹੁਤ ਜ਼ਰੂਰੀ ਹੈ।

1.6 ਇਸ ਤੋਂ ਇਲਾਵਾ, ਉਕਤ ਐਕਟ ਦੀ ਧਾਰਾ 28 ਦਾ ਸਬੰਧ ਅਥਾਰਟੀ ਦੁਆਰਾ ਰਾਜ ਸਰਕਾਰ ਦੀਆਂ ਨੀਤੀਆਂ ਦੀ ਪਾਲਣਾ ਨਾਲ ਹੈ। ਕੁਝ ਅਜਿਹੇ ਮਾਮਲੇ ਹੁੰਦੇ ਹਨ ਜਿਨ੍ਹਾਂ ਵਿਚ ਰਾਜ ਸਰਕਾਰ ਨੂੰ ਉਪਲਬਧ ਜਲ ਸਰੋਤਾਂ ਦੀ ਟਿਕਾਊ ਵਰਤੋਂ ਅਤੇ ਜਨਤਕ ਹਿੱਤ ਵਿੱਚ ਉਨ੍ਹਾਂ ਦੇ ਪ੍ਰਬੰਧਨ ਸੰਬੰਧੀ ਫੈਸਲੇ ਲੈਣੇ ਪੈਂਦੇ ਹਨ। ਐਪਰ, ਇਸ ਸਬੰਧ ਵਿੱਚ ਰਾਜ ਸਰਕਾਰ ਦੀ ਸ਼ਕਤੀ ਸਿਰਫ਼ ਅਥਾਰਟੀ ਨੂੰ ਸਿਫ਼ਾਰਸ਼ਾਂ ਕਰਨ ਤੱਕ ਸੀਮਤ ਹੈ। ਇਹ ਅਥਾਰਟੀ 'ਤੇ ਨਿਰਭਰ ਕਰਦਾ ਹੈ ਕਿ ਉਹ ਆਪਣੀ ਸਮਝ ਅਨੁਸਾਰ ਅਜਿਹੀਆਂ ਸਿਫ਼ਾਰਸ਼ਾਂ 'ਤੇ ਵਿਚਾਰ ਕਰੇ। ਇਸ ਤੋਂ ਇਲਾਵਾ, ਅਥਾਰਟੀ ਅਜਿਹੀਆਂ ਸਿਫ਼ਾਰਸ਼ਾਂ ਲਈ ਪਾਬੰਦ ਨਹੀਂ ਹੈ।

2.0 ਇਸ ਲਈ, ਇਹਨਾਂ ਸਾਰੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ, ਉਪਰੋਕਤ ਐਕਟ ਨੂੰ ਢੁਕਵੇਂ ਢੰਗ ਨਾਲ ਸੋਧਣ ਲਈ ਇੱਕ ਬਿੱਲ ਪੇਸ਼ ਕੀਤਾ ਜਾਂਦਾ ਹੈ।

ਬਰਿੰਦਰ ਕੁਮਾਰ ਗੋਇਲ
ਜਲ ਸ੍ਰੋਤ ਮੰਤਰੀ, ਪੰਜਾਬ

## ਵਿੱਤੀ ਮੈਮੋਰੰਡਮ

"ਰਾਜ ਸਰਕਾਰ ਲਈ ਕੋਈ ਪ੍ਰਤੀਕੂਲ ਵਿੱਤੀ ਪ੍ਰਭਾਵ ਨਹੀਂ ਹਨ, ਨਾਲ ਹੀ ਪ੍ਰਸਤਾਵਿਤ ਸੋਧਾਂ ਨਾਲ ਅਥਾਰਟੀ ਨੂੰ ਕਿਸੇ ਵੀ ਫੰਡ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ।" ਰਾਜ ਸਰਕਾਰ ਅਥਾਰਟੀ ਨੂੰ ਹਰ ਸਾਲ ਆਪਣੀ ਜ਼ਰੂਰਤ ਦੇ ਅਧਾਰ 'ਤੇ ਫੰਡ ਪ੍ਰਦਾਨ ਕਰਨ ਦਾ ਵਾਅਦਾ ਕਰਦੀ ਹੈ ਜਿਸ ਲਈ ਅਥਾਰਟੀ ਹਰ ਸਾਲ ਬਜਟ ਸਬੰਧੀ ਲੋੜਾਂ ਨੂੰ ਪ੍ਰਬੰਧਕੀ ਵਿਭਾਗ ਰਾਹੀਂ ਵਿੱਤ ਵਿਭਾਗ ਨੂੰ ਭੇਜੇਗੀ। ਫਿਲਹਾਲ ਅਥਾਰਟੀ ਫੰਡਾਂ ਨੂੰ ਬੈਂਕ ਖਾਤੇ ਵਿੱਚ ਰੱਖ ਰਹੀ ਹੈ ਜਿਸ ਨਾਲ ਸਰਕਾਰੀ ਪੈਸੇ ਦਾ ਨੁਕਸਾਨ ਹੋ ਰਿਹਾ ਹੈ।

ਰਾਜਪਾਲ ਨੇ, ਭਾਰਤ ਦੇ ਸੰਵਿਧਾਨ ਦੇ ਆਰਟੀਕਲ, 207 ਦੀ ਧਾਰਾ (1) ਅਤੇ (3) ਦੀ ਪਾਲਣਾ ਕਰਦਿਆਂ, ਇਸ ਬਿਲ ਨੂੰ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕਰਨ ਅਤੇ ਇਸ ਤੇ ਵਿਚਾਰ ਕਰਨ ਦੀ ਸਿਫ਼ਾਰਸ਼ ਕੀਤੀ ਹੈ।

ਚੰਡੀਗੜ੍ਹ: ਰਾਮ ਲੋਕ ਖਟਾਣਾ

23 ਫਰਵਰੀ, 2025 ਸਕੱਤਰ

ਨੋਟ - ਉਪਰੋਕਤ ਬਿੱਲ, ਪੰਜਾਬ ਵਿਧਾਨ ਸਭਾ ਵਿੱਚ ਕਾਰਜ ਪ੍ਰਣਾਲੀ ਅਤੇ ਕਾਰੋਬਾਰ ਦੇ ਸੰਚਾਲਨ ਦੇ ਨਿਯਮਾਂ ਦੇ ਨਿਯਮ 121 ਦੇ ਉਪਬੰਧ ਅਧੀਨ, ਮਿਤੀ 24" ਫਰਵਰੀ, 2025 ਨੂੰ ਪੰਜਾਬ ਸਰਕਾਰ ਦੇ ਗਜ਼ਟ (ਅਸਾਧਾਰਨ) ਵਿੱਚ ਪ੍ਰਕਾਸ਼ਿਤ ਕੀਤਾ ਗਿਆ।